# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-6541673
ਫੈਕਸ:0172-2624687

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ),
ਪੰਜਾਬ।

ਮੀਮੋ ਨੰ: 5/3-ICT-2009/Rectt./SCT/CT/SPL/ 0883
ਮਿਤੀ : 08-01-2010

**ਵਿਸ਼ਾ: ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਅਤੇ ਤੀਜੇ ਫੇਜ ਦੇ ਕੰਪਿਊਟਰ ਅਧਿਆਪਕ ਜਿਨ੍ਹਾਂ ਦੇ ਮੈਰਿਟ ਅੰਕ ਤੈਅ ਮਾਪਢੰਡ ਤੋਂ ਘੱਟ ਹਨ ਦਾ ਟੈਸਟ ਲੈਣ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੁਸਾਇਟੀ ਦੇ ਆਈ.ਸੀ.ਟੀ ਪ੍ਰੋਜੈਕਟ ਅਧੀਨ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਲਈ ਮਿਤੀ 28-03-2008 ਨੂੰ 1500 ਪੋਸਟਾਂ ਵਿਗਿਆਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਲਿਖਤੀ ਟੈਸਟ ਮਿਤੀ 08-06-2008 ਨੂੰ ਲਿਆ ਗਿਆ ਸੀ। ਇਸ ਲਿਖਤੀ ਟੈਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦੇ ਤੈਅ ਬੈਂਚ ਮਾਰਕ (ਜਨਰਲ ਵਰਗ ਲਈ 35 ਅਤੇ ਰਾਖਵੇਂ ਵਰਗ ਲਈ 20) ਤੋਂ ਘੱਟ ਅੰਕ ਪ੍ਰਾਪਤ ਕੀਤੇ ਸਨ ਅਤੇ ਇਕਰਾਰ ਦੀਆਂ ਸ਼ਰਤਾਂ ਅਨੁਸਾਰ ਲਿਖਤੀ ਟੈਸਟ ਇੱਕ ਸਾਲ ਦੇ ਅੰਦਰ-ਅੰਦਰ ਪਾਸ ਕਰਨਾ ਤੈਅ ਹੋਇਆ ਸੀ, ਜੋ ਕਿ ਮਿਤੀ 05-07-2009 ਨੂੰ ਲਿਆ ਜਾਣਾ ਸੀ, ਪਰ ਕਿਸੇ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ, ਹੁਣ ਮਿਤੀ 17-01-2010 ਨੂੰ ਲੈਣਾ ਤੈਅ ਹੋਇਆ ਸੀ ਅਤੇ ਨਾਲ ਹੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਹੁਕਮਾਂ ਅਨੁਸਾਰ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਨੂੰ ਇੱਕ ਮੋਕਾ ਹੋਰ ਦਿੰਦੇ ਹੋਏ ਉਨ੍ਹਾਂ ਦਾ ਟੈਸਟ ਵੀ ਇਨ੍ਹਾਂ ਦੇ ਨਾਲ ਹੀ ਲਿਆ ਜਾਣਾ ਤੈਅ ਹੋਇਆ ਸੀ।
2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਿਵਲ ਰਿਟ ਪਟੀਸ਼ਨ ਨੰਬਰ 19129 ਆਫ 2009 ਤੇ ਮਿਤੀ 11-12-2009 ਨੂੰ ਲਏ ਫੈਸਲੇ ਅਨੁਸਾਰ ਕੰਪਿਊਟਰ ਅਧਿਆਪਕਾਂ ਦਾ ਟੈਸ਼ਟ ਅਗਲੇ ਹੁਕਮਾਂ ਤੱਕ ਮੁਲਤਵੀ ਕੀਤਾ ਜਾਂਦਾ ਹੈ।
3. ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦੇ ਟੈਸਟ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਤਰਾਂ ਦਾ ਕੋਈ ਆਰਡਰ ਜਾਰੀ ਨਹੀਂ ਕੀਤਾ ਗਿਆ। ਇਸ ਨੂੰ ਮੁੱਖ ਰੱਖਦੇ ਹੋਏ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦਾ ਟੈਸਟ ਪਹਿਲਾਂ ਵਾਂਗ ਹੀ ਮਿਤੀ 17-01-2010 ਨੂੰ ਦੁਪਹਿਰ 12:00 ਤੋਂ 1:00 ਵਜੇ ਤੱਕ ਸ.ਮਾ.ਸ.ਸ.ਸ ਫੇਜ 3 ਬੀ-1, ਮੋਹਾਲੀ ਵਿਖੇ ਲਿਆ ਜਾਵੇਗਾ।
4. ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਕੰਪਿਊਟਰ ਅਧਿਅਪਕਾਂ ਅਤੇ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 08-01-2010

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀਆ ਜਾਂਦਾ ਹੈ:

1. ਜਿਲਾ ਸਿੱਖਿਆ ਅਫਸਰ (ਸੈ.ਸਿੱ), ਐਸ.ਏ.ਐਸ਼ ਨਗਰ ਨੂੰ ਲਿਖਿਆ ਜਾਂਦਾ ਹੈ ਕਿ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦਾ ਟੈਸਟ ਲੈਣ ਲਈ ਲੋੜੀਂਦਾ ਪ੍ਰਬੰਧ ਕਰਵਾਉਣਾ ਯਕੀਨੀ ਬਣਾਉਣ ਅਤੇ ਇਸ ਸਬੰਧੀ ਜਿਲਾ ਪ੍ਰਸ਼ਾਸਨ ਨੂੰ ਵੀ ਇਸ ਸਬੰਧੀ ਜਾਣਕਾਰੀ ਦਿੱਤੀ ਜਾਵੇ।
2. ਪ੍ਰਿੰਸੀਪਲ, ਸ.ਮਾ.ਸ.ਸ.ਸ ਫੇਜ 3 ਬੀ-1, ਮੋਹਾਲੀ ਨੂੰ ਲਿਖਿਆ ਜਾਂਦਾ ਹੈ ਕਿ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦਾ ਟੈਸਟ ਲੈਣ ਲਈ ਮਿਤੀ 17-01-2010 ਦਿਨ ਐਤਵਾਰ ਨੂੰ ਦੁਪਹਿਰ 12:00 ਤੋਂ 1:00 ਵਜੇ ਉਨ੍ਹਾਂ ਦੇ ਸਕੂਲ ਵਿੱਚ ਹੋਵੇਗਾ ਅਤੇ ਪ੍ਰੀਖਿਆਰਥੀ ਸਵੇਰੇ 11:00 ਵਜੇ ਸੈਂਟਰ ਵਿਖੇ ਰਿਪੋਰਟ ਕਰਨਗੇ। ਪ੍ਰੀਖਿਆਰਥੀਆਂ ਦੀ ਗਿਣਤੀ 408 ਹੈ।ਇਸ ਸਬੰਧੀ ਲੋੜੀਂਦਾ ਸੁਚਾਰੂ ਪ੍ਰਬੰਧ ਜਿਲਾ ਸਿੱਖਿਆ ਅਫਸਰ (ਸੈ.ਸਿੱ), ਐਸ.ਏ.ਐਸ਼ ਨਗਰ ਅਤੇ ਸੀ-ਡੈਕ ਮੋਹਾਲੀ ਨਾਲ ਤਾਲਮੇਲ ਕਰਕੇ ਕਰਨਾ ਯਕੀਨੀ ਬਣਾਇਆ ਜਾਵੇ।
3. ਡਾਇਰੈਕਟਰ, ਸੀ-ਡੈਕ, ਮੋਹਾਲੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**